**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।**

**(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ. ਨਗਰ)**

**ਪਬਲਿਕ ਨੋਟਿਸ**

ਨੰਃ 336020 / 13 ਮਿਤੀ 01-03-2024

1.0 ਸਿੱਖਿਆ ਵਿਭਾਗ, ਪੰਜਾਬ ਵਿੱਚ ਈ.ਟੀ.ਟੀ ਕਾਡਰ ਦੀਆਂ 6635 ਆਸਾਮੀਆਂ ਭਰਨ ਲਈ ਮਿਤੀ 30-07-2021 ਨੂੰ ਵਿਗਿਆਪਨ ਦਿੱਤਾ ਗਿਆ ਸੀ। ਇਸ ਭਰਤੀ ਵਿੱਚ ਵੱਖ ਵੱਖ ਕੈਟਾਗਰੀ ਦੀਆਂ ਅਸਾਮੀਆਂ ਵਿਰੁੱਧ ਯੋਗ ਉਮੀਦਵਾਰਾਂ ਨੂੰ ਸਟੇਸ਼ਨ ਅਲਾਟਮੈਂਟ ਕਰਨ ਉਪਰੰਤ ਉਮੀਦਵਾਰਾਂ ਦੇ ਅਲਾਟ ਕੀਤੇ ਸਟੇਸ਼ਨਾਂ 'ਤੇ ਜੁਆਇਨ ਨਾ ਕਰਨ ਕਰਕੇ, ਵਿਦਹੈਲਡ ਉਮੀਦਵਾਰਾਂ ਦੀ ਪਾਤਰਤਾ ਰਿਜੈਕਟ ਹੋਣ ਕਾਰਨ ਅਤੇ ਹੋਰ ਕਾਰਨਾਂ ਕਰ ਕੇ ਖਾਲੀ ਰਹਿ ਗਈਆਂ ਸਨ। ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਵੱਖ-ਵੱਖ ਸਮੇਂ ਤੇ ਜਾਰੀ ਕੀਤੀਆਂ ਸਿਲੈਕਸਨ ਸੂਚੀਆਂ ਵਿੱਚੋਂ ਹਾਇਰ ਮੈਰਿਟ ਦੇ ਆਧਾਰ ਤੇ ਇਹਨਾਂ ਖਾਲੀ ਰਹਿੰਦੀਆਂ ਅਸਾਮੀਆਂ ਨੂੰ ਭਰਨ ਲਈ ਮਿਤੀ 02-03-2024 ਨੂੰ ਆਨਲਾਈਨ ਪ੍ਰੋਸੈਸ ਰਾਹੀਂ ਸਟੇਸ਼ਨ ਚੋਣ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਇਹ ਪੋਰਟਲ ਸਿਰਫ ਮਿਤੀ 02-03-2024 ਨੂੰ ਹੀ ਇੱਕ ਲਈ ਹੀ ਖੁੱਲਾ ਰਹੇਗਾ। ਯੋਗ ਉਮੀਦਵਾਰਾਂ ਦੀ ਸੂਚੀ ਵੈਬਸਾਈਟ ਤੇ ਅਪਲੋਡ ਕਰ ਦਿੱਤੀ ਗਈ ਹੈ। ਯੋਗ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਉਕਤ ਸਡਿਊਲ ਅਨੁਸਾਰ ਆਪਣੀ ਚੁਆਇਸ ਦੇ ਸਟੇਸ਼ਨ ਦੀ ਚੋਣ ਕਰਨਾ ਯਕੀਨੀ ਬਣਾਇਆ ਜਾਵੇ। ਹਰੇਕ ਉਮੀਦਵਾਰ ਆਪਣੀ ਆਨਲਾਈਨ ਆਈ.ਡੀ. ਵਿੱਚ ਵੈਕੰਸੀ ਲਿਸਟ ਨੂੰ ਐਕਸੈੱਸ ਕਰ ਸਕਦਾ ਹੈ ਅਤੇ ਆਪਣੀ ਚੁਆਇਸ ਦੇ ਸਟੇਸ਼ਨਾਂ ਦੀ ਆਪਸਨ ਆਪਣੀ ਆਈ,ਡੀ. ਵਿੱਚ ਭਰ ਸਕਦਾ ਹੈ। ਉਮੀਦਵਾਰ ਆਪਣੀ ਇੱਛਾ ਅਨੁਸਾਰ ਕਿੰਨੀਆਂ ਵੀ ਆਪਸਨਾਂ ਕਲਿੱਕ ਕਰ ਸਕਦਾ ਹੈ। ਇਹ ਪ੍ਰਕਿਰਿਆ ਮੁਕੰਮਲ ਰੂਪ ਵਿੱਚ ਆਨ-ਲਾਈਨ ਹੀ ਹੋਵੇਗੀ। ਜੇਕਰ ਕੋਈ ਯੋਗ ਉਮੀਦਵਾਰ ਸਟੇਸ਼ਨ ਚੁਆਇਸ ਨਹੀਂ ਕਰਦਾ ਹੈ ਤਾਂ ਉਸ ਨੂੰ ਐਮ.ਆਈ.ਐਸ ਸ਼ਾਖਾ ਵਲੋਂ ਖਾਲੀ ਰਹਿੰਦੇ ਸਟੇਸ਼ਨਾਂ ਵਿੱਚੋਂ ਕੋਈ ਇੱਕ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ, ਜੋ ਮੁੜ ਬਦਲਿਆ ਨਹੀਂ ਜਾਵੇਗਾ।

2.0 ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਟੇਸ਼ਨ ਅਲਾਟਮੈਂਟ ਵੇਲੇ ਜੇਕਰ ਕਿਸੇ ਉਮੀਦਵਾਰ ਵੱਲੋਂ ਉਸਦੀ ਸਟੇਸ਼ਨ ਚੁਆਇਸ ਵਿੱਚ ਚੁਣੇ ਗਏ ਸਟੇਸ਼ਨ ਦੀ ਅਲਾਟਮੈਂਟ, ਉਸ ਤੋਂ ਹਾਇਰ ਮੈਰਿਟ ਵਾਲੇ ਉਮੀਦਵਾਰ ਨੂੰ ਹੋ ਜਾਂਦੀ ਹੈ ਤਾਂ ਅਜਿਹੀ ਸਥਿਤੀ ਵਿੱਚ ਉਸ ਉਮੀਦਵਾਰ ਨੂੰ ਵੀ ਖਾਲੀ ਰਹਿੰਦੇ ਸਟੇਸ਼ਨਾਂ ਵਿੱਚੋਂ ਕੋਈ ਇੱਕ ਸਟੇਸ਼ਨ ਆਨਲਾਈਨ ਪ੍ਰਕ੍ਰਿਆ ਰਾਹੀਂ ਵਿਭਾਗ ਦੀ ਐਮ.ਆਈ.ਐਸ ਸ਼ਾਖਾ ਵੱਲੋਂ ਅਲਾਟ ਕਰ ਦਿੱਤਾ ਜਾਵੇਗਾ, ਜੋ ਕਿ ਬਦਲਣ ਯੋਗ ਨਹੀਂ ਹੋਵੇਗਾ।

3.0 ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਅਜਿਹੇ ਉਮੀਦਵਾਰ ਜੋ ਵਿਗਿਆਪਨ ਮਿਤੀ 30-07-2021 ਅਧੀਨ ਪਹਿਲਾਂ ਹੀ ਨਿਯੁਕਤ ਹੋ ਚੁੱਕੇ ਹਨ ਅਤੇ ਬਤੌਰ ਈ.ਟੀ.ਟੀ ਕੰਮ ਕਰ ਰਹੇ ਹਨ, ਜੇਕਰ ਦੋਹਰੀ ਪਾਤਰਤਾ ਕਾਰਨ ਮੁੜ ਸਟੇਸ਼ਨ ਚੁਆਇਸ ਵਿੱਚ ਹਿੱਸਾ ਲੈਂਦੇ ਹਨ ਤਾਂ ਇਸ ਤਰ੍ਹਾਂ ਦੇ ਉਮੀਦਵਾਰਾਂ ਦੀ ਨਿਯੁਕਤੀ ਦਾ ਸਥਾਨ ਜੋ ਪਹਿਲਾਂ ਸੀ, ਉਹੀ ਰਹੇਗਾ।

01/03/24

ਸਹਾਇਕ ਡਾਇਰੈਕਟਰ (ਅਮਲਾ)